# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

<u>ਦਫ਼ਤਰ ਕੰਟਰੋਲਰ (ਪ੍ਰੀਖਿਆਵਾਂ)</u>

ਨੰ...13659....../ਸੀ.ਓ.ਈ.
ਮਿਤੀ....7.2.2024...........

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੂਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਮਈ, 2024 ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਵੱਖਰੇ-ਵੱਖਰੇ ਕੋਰਸਾਂ ਦੇ ਪਰਚਿਆਂ ਦੀ ਵਿਸਥਾਰਪੂਰਵਕ ਜਾਣਕਾਰੀ ਹੇਠ ਦਰਸਾਏ ਲਿੰਕ ਤੇ ਉਪਲਬੱਧ ਹੈ। ਆਪ ਨੂੰ ਬੇਨਤੀ ਹੈ ਕਿ ਆਪ ਦੇ ਵਿਭਾਗ/ਕਾਲਜ ਵਿੱਚ ਚਲ ਰਹੇ ਕੋਰਸਾਂ ਦੀ ਦਰਸਾਈ ਜਾਣਕਾਰੀ ਨੂੰ ਚੰਗੀ ਤਰ੍ਹਾਂ ਘੋਖ ਲਿਆ ਜਾਵੇ, ਦਰਸਾਈ ਹੇਠ ਲਿਖੀ ਜਾਣਕਾਰੀ ਨੂੰ ਘੋਖ ਲਿਆ ਜਾਵੇ:-

1. ਕੋਰਸ ਦਾ ਨਾਮ
2. ਪਰਚੇ ਦਾ ਨਾਮ
3. ਪਰਚੇ ਦਾ ਕੋਡ
4. ਇਮਤਿਹਾਨ ਦਾ ਸਮਾਂ
5. ਪ੍ਰੈਕਟੀਕਲ ਪਰਚੇ ਦਾ ਕਰੈਡਿਟ (ਜੇ ਪ੍ਰੈਕਟੀਕਲ ਪਰਚਾ ਹੈ ਤਾਂ)
6. ਪਰਚੇ ਦੇ ਬਾਹਰੀ ਅੰਕ
7. ਪਰਚੇ ਦੇ ਬਾਹਰੀ ਅੰਕਾਂ ਦੀ ਪਾਸ ਪ੍ਰਤੀਸ਼ਤ
8. ਪਰਚੇ ਦੇ ਅੰਦਰੂਨੀ ਅੰਕ
9. ਪ੍ਰੈਕਟੀਕਲ ਪਰਚੇ ਦੇ ਅੰਕ
10. ਪ੍ਰੈਕਟੀਕਲ ਪਰਚੇ ਦੇ ਪਾਸ ਅੰਕ
11. ਪ੍ਰੈਕਟੀਕਲ ਪਰਚੇ ਦੇ ਬਾਹਰੀ ਅੰਕ
12. ਪ੍ਰੈਕਟੀਕਲ ਪਰਚੇ ਦੇ ਅੰਦਰੂਨੀ ਅੰਕ
13. ਕੀ ਇਹ ਪਰਚਾ ਲਾਜਮੀ ਹੈ ?
14. ਕੀ ਇਹ ਪਰਚਾ ਇਲੈਕਟਿਵ ਹੈ ?
15. ਕੀ ਇਹ ਪਰਚਾ ਆਪਸ਼ਨ ਵਾਲਾ ਹੈ ?
16. ਕੀ ਇਹ ਪਰਚਾ ਕੁਆਲੀਫਾਇੰਗ ਪਰਚਾ ਹੈ ?
17. ਕੀ ਇਹ ਥਿਊਰੀ ਪਰਚਾ ਹੈ ?
18. ਕੀ ਇਹ ਪ੍ਰੈਕਟੀਕਲ ਪਰਚਾ ਹੈ ?
19. ਕੀ ਇਸ ਪਰਚੇ ਦੇ ਪ੍ਰਸ਼ਨ-ਪੱਤਰ ਦਾ ਪੰਜਾਬੀ ਵਿੱਚ ਅਨੁਵਾਦ ਲੋੜੀਂਦਾ ਹੈ ?

ਉੱਪਰ ਦਰਸਾਈ ਜਾਣਕਾਰੀ ਹਰ ਪਰਚੇ ਵਾਸਤੇ ਹੇਠ ਦਰਸਾਏ ਲਿੰਕ ਤੇ ਉਪਲਬਧ ਐਕਸਲ ਸੀਟ ਵਿੱਚ ਸ਼ਾਮਲ ਹੈ। ਜੇ ਇਸ ਵਿੱਚ ਕੋਈ ਵੀ ਤਬਦੀਲੀ ਕਰਨੀ ਲਗਦੀ ਹੈ ਤਾਂ ਡਾ. ਕਪਿਲ ਗੋਇਲ (98148-77883) ਜਾਂ ਸ੍ਰੀ ਵਿਸ਼ਾਲ (90418-21788) ਨੂੰ whatsapp ਰਾਹੀਂ ਪਰੋਪਰ message ਬਣਾ ਕੇ ਭੇਜ ਦਿੱਤਾ ਜਾਵੇ। ਇਸ ਕਾਰਜ ਨੂੰ ਮਿਤੀ 08.02.2024 ਤੱਕ ਸ਼ਾਮ 05.00 ਵਜੇ ਤੱਕ ਕਰਨਾ ਲਾਜਮੀ ਹੈ ਤਾਂ ਜੋ ਇਸ ਜਾਣਕਾਰੀ ਦੇ ਆਧਾਰ ਤੇ ਮਈ, 2024 ਦੇ ਪ੍ਰੀਖਿਆ ਫਾਰਮਾਂ ਲਈ ਡਾਟਾ ਫੀਡ ਕੀਤਾ ਜਾ ਸਕੇ ਅਤੇ ਆਪ ਜੀ ਦੇ ਇਸ ਉਪਰਾਲੇ ਨਾਲ ਸਹੀ ਜਾਣਕਾਰੀ ਫੀਡ ਕੀਤੀ ਜਾ ਸਕੇਗੀ।

ਇੱਥੇ ਇਹ ਦੱਸਣਾ ਜਰੂਰੀ ਹੈ ਕਿ ਸਿਲੇਬਸ ਦੇ ਸਕੀਮਾਂ ਤੇ ਦਰਸਾਈ ਜਾਣਕਾਰੀ ਨੂੰ ਦਰੁੱਸਤ ਮੰਨਦੇ ਹੋਏ ਇਸ ਸੀਟ ਨੂੰ ਤਿਆਰ ਕੀਤਾ ਗਿਆ ਹੈ ਕਿਉਂਕਿ ਕਈ ਸਿਲੇਬਸਾਂ ਵਿੱਚ ਜਾਣਕਾਰੀ ਅਧੂਰੀ ਅਤੇ missmatach ਪਾਈ ਗਈ ਹੈ।

https://docs.google.com/spreadsheets/d/1kQl4WMQkM5BFs4CJWkgEXwcopdmvV5-s9Ta1bMWmzVk/edit?usp=sharing

ਸਹੀ/

ਕੰਟਰੋਲਰ (ਪ੍ਰੀਖਿਆਵਾਂ)